## ਭਗਤ ਨਾਮਦੇਵ - ਸਬਦ ੪੪

### ਜੈਸੀ ਭੂਖੇ ਪ੍ਰੀਤਿ ਅਨਾਜ ॥

### ਰਾਗੁ ਭੈਰਉ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੧੧੬੪

ਜੈਸੀ ਭੂਖੇ ਪ੍ਰੀਤਿ ਅਨਾਜ ॥
ਤ੍ਰਿਖਾਵੰਤ ਜਲ ਸੇਤੀ ਕਾਜ ॥
ਜੈਸੀ ਮੂੜ ਕੁਟੰਬ ਪਰਾਇਣ ॥
ਐਸੀ ਨਾਮੇ ਪ੍ਰੀਤਿ ਨਰਾਇਣ ॥੧॥
ਨਾਮੇ ਪ੍ਰੀਤਿ ਨਾਰਾਇਣ ਲਾਗੀ ॥
ਸਹਜ ਸੁਭਾਇ ਭਇਓ ਬੈਰਾਗੀ ॥੧॥ ਰਹਾਉ ॥
ਜੈਸੀ ਪਰ ਪੁਰਖਾ ਰਤ ਨਾਰੀ ॥
ਲੋਭੀ ਨਰੁ ਧਨ ਕਾ ਹਿਤਕਾਰੀ ॥
ਕਾਮੀ ਪੁਰਖ ਕਾਮਨੀ ਪਿਆਰੀ ॥
ਐਸੀ ਨਾਮੇ ਪ੍ਰੀਤਿ ਮੁਰਾਰੀ ॥੨॥
ਸਾਈ ਪ੍ਰੀਤਿ ਜਿ ਆਪੇ ਲਾਏ ॥
ਗੁਰ ਪਰਸਾਦੀ ਦੁਬਿਧਾ ਜਾਏ ॥
ਕਬਹੁ ਨ ਤੂਟਸਿ ਰਹਿਆ ਸਮਾਇ ॥
ਨਾਮੇ ਚਿਤੁ ਲਾਇਆ ਸਚਿ ਨਾਇ ॥੩॥
ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥
ਐਸਾ ਹਰਿ ਸੇਤੀ ਮਨੁ ਰਾਤਾ ॥
ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ ॥
ਗੋਬਿਦੁ ਬਸੈ ਹਮਾਰੈ ਚੀਤਿ ॥੪॥੧॥੭॥

ਸਾਰ: ਇੱਛਾਵਾਂ ਵਿਚ ਇਕ ਅਜਿਹੀ ਖਿੱਚ ਹੁੰਦੀ ਹੈ ਜੋ ਸਾਡੇ ਅੰਤਹਕਰਣ ਨੂੰ ਬਾਹਰੀ ਸੰਸਾਰ ਵੱਲ ਖਿੱਚ ਪਾਉਂਦੀ ਹੈ, ਜਿਸ ਕਾਰਨ ਮਨੁੱਖ ਲਗਾਤਾਰ ਭਟਕਦਾ ਰਹਿੰਦਾ ਹੈ ਅਤੇ ਆਪਣੇ ਅੰਦਰ ਪਹਿਲਾਂ ਤੋਂ ਹੀ

ਮੌਜੂਦ ਚੇਤਨਾ ਤੋਂ ਦੂਰ ਹੋ ਜਾਂਦਾ ਹੈ। ਜਦੋਂ ਇਸ ਖਿੱਚ ਨੂੰ ਸਮਝਿਆ ਜਾਂ ਪਰਖਿਆ ਨਹੀਂ ਜਾਂਦਾ, ਤਾਂ ਇੱਛਾਵਾਂ ਬਿਨਾਂ ਵਿਚਾਰ ਕੀਤੀਆਂ ਲਾਲਸਾਵਾਂ ਦਾ ਰੂਪ ਧਾਰ ਲੈਂਦੀਆਂ ਹਨ, ਜੋ ਸਮੇਂ ਦੇ ਨਾਲ ਹੋਰ ਪ੍ਰਬਲ ਹੋ ਜਾਂਦੀਆਂ ਹਨ ਅਤੇ ਸਥਾਈ ਸੰਤੁਸ਼ਟੀ ਦੀ ਪ੍ਰਾਪਤੀ ਨੂੰ ਔਖਾ ਬਣਾ ਦਿੰਦੀਆਂ ਹਨ। ਪਰ ਜਦੋਂ ਇੱਛਾਵਾਂ ਨੂੰ ਗਿਆਨ ਪ੍ਰਾਪਤੀ ਅਤੇ ਭਗਤੀ ਰਾਹੀਂ ਅੰਤਰੀਵੀ ਵਿਕਾਸ ਵੱਲ ਸੇਧਿਤ ਕੀਤਾ ਜਾਂਦਾ ਹੈ, ਤਾਂ ਇਹ ਵਿਨਾਸ਼ਕਾਰੀ ਰੂਪ ਨਹੀਂ ਧਾਰਦੀਆਂ; ਸਗੋਂ ਇਹੀ ਊਰਜਾ ਰੁਪਾਂਤ੍ਰਣ ਦਾ ਮੁਖ ਸੋਮਾ ਬਣ ਜਾਂਦੀ ਹੈ। ਅਸਲ ਸੂਝ ਇਸ ਤੱਥ ਨੂੰ ਸਮਝਣ ਵਿਚ ਹੈ ਕਿ ਇੱਛਾਵਾਂ ਸਾਡੀ ਅੰਤਰ-ਆਤਮਾ ਨੂੰ ਕੋਂਹਦੀਆਂ ਹਨ ਜਾਂ ਜੀਵਨ ਨੂੰ ਕਿਸੇ ਉੱਚ ਆਦਰਸ਼ ਅਤੇ ਸੱਚੀ ਪੂਰਤੀ ਵੱਲ ਪ੍ਰੇਰਿਤ ਕਰਦੀਆਂ ਹਨ।

ਜੈਸੀ ਭੂਖੇ ਪ੍ਰੀਤਿ ਅਨਾਜ ॥
ਜਿਵੇਂ ਇਕ ਭੁੱਖਾ ਮਨੁੱਖ ਅੰਨ ਨੂੰ ਪਿਆਰ ਕਰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਅੰਤਹਕਰਣ ਸੁਭਾਵਕ ਤੌਰ 'ਤੇ ਉਸ ਵੱਲ ਖਿੱਚਿਆ ਜਾਂਦਾ ਹੈ, ਜਿਸ ਨੂੰ ਉਹ ਆਪਣੀ ਤ੍ਰਿਪਤੀ ਦਾ ਸਰੋਤ ਸਮਝਦਾ ਹੈ।

ਤ੍ਰਿਖਾਵੰਤ ਜਲ ਸੇਤੀ ਕਾਜ ॥
ਪਿਆਸ ਪਾਣੀ ਦੀ ਭਾਲ ਦਾ ਉਦਮ ਬਣਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜੋ ਅੰਤਹਕਰਣ ਨੂੰ ਪਾਲੇ ਇਹ ਉਸ ਉਪਰ ਕੇਂਦਰਿਤ ਹੋ ਜਾਂਦਾ ਹੈ।

ਜੈਸੀ ਮੂੜ ਕੁਟੰਬ ਪਰਾਇਣ ॥
ਜਿਵੇਂ ਇਕ ਅਗਿਆਨੀ ਮਨੁੱਖ ਆਪਣੇ ਰਿਸ਼ਤਿਆਂ ਦੇ ਮੋਹ ਅਧੀਨ ਹੋ ਜਾਂਦਾ ਹੈ। ਇਹ ਭਾਵ ਉਸ ਸੋੜੀ ਪਛਾਣ ਨੂੰ ਦਰਸਾਉਂਦਾ ਹੈ, ਜੋ ਏਕਤਾ ਦੀ ਅਸੀਮ ਵਿਸ਼ਾਲਤਾ ਨੂੰ 'ਮੈਂ' ਅਤੇ 'ਮੇਰਾ' ਤੱਕ ਸੀਮਿਤ ਕਰ ਦਿੰਦੀ ਹੈ।

ਐਸੀ ਨਾਮੇ ਪ੍ਰੀਤਿ ਨਰਾਇਣ ॥੧॥
ਇਸੇ ਤਰ੍ਹਾਂ ਨਾਮਦੇਵ ਦਾ ਪ੍ਰੇਮ ਉਸ ਸਰਬ-ਵਿਆਪਕ ਚੇਤਨਾ ਪ੍ਰਤੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਰੂਹਾਨੀਅਤ ਲਈ ਵੀ ਉਸੇ ਤੀਬਰ ਸਮਰਪਣ ਦੀ ਲੋੜ ਹੈ, ਜੋ ਅਸੀਂ ਅਕਸਰ ਸੰਸਾਰਕ ਮੋਹ-ਮਮਤਾ ਲਈ ਰੱਖਦੇ ਹਾਂ, ਪਰ ਇਸ ਨੂੰ ਅੰਦਰ ਵੱਲ ਸੇਧਿਤ ਕਰ ਹੋਂਦ ਦੇ ਤੱਤਸਾਰ ਨੂੰ ਸਮਝਣਾ ਹੀ ਇਸ ਦਾ ਅਸਲ ਉਦੇਸ਼ ਹੈ। (੧)

ਨਾਮੇ ਪ੍ਰੀਤਿ ਨਾਰਾਇਣ ਲਾਗੀ ॥
ਨਾਮਦੇਵ ਆਖਦੇ ਹਨ ਕਿ ਉਨ੍ਹਾਂ ਦੀ ਅਟੁੱਟ ਪ੍ਰੀਤ ਸਰਬ-ਵਿਆਪਕ ਚੇਤਨਾ ਨਾਲ ਬਣੀ ਹੋਈ ਹੈ। ਇਹ ਭਾਵ ਉਸ ਅਵਸਥਾ ਦਾ ਪ੍ਰਤੀਕ ਹੈ, ਜਿਸ ਵਿਚ ਅੰਤਰ-ਆਤਮਾ ਆਪਣੇ ਆਪ ਨੂੰ ਹੋਂਦ ਦੇ ਤੱਤਸਾਰ ਨਾਲ ਸਥਿਰ ਰੂਪ ਵਿਚ ਜੋੜ ਲੈਂਦੀ ਹੈ।

ਸਹਜ ਸੁਭਾਇ ਭਇਓ ਬੈਰਾਗੀ ॥੧॥ ਰਹਾਉ ॥
ਕੁਦਰਤੀ ਸਹਿਜਤਾ ਪੈਦਾ ਕਰਨ ਅਤੇ ਆਪਣੇ ਮੂਲ ਸੁਭਾਅ ਨੂੰ ਧਾਰਨ ਕਰਨ ਨਾਲ, ਇਕ ਇੱਛਾ-ਮੁਕਤ ਅਵਸਥਾ ਪੈਦਾ ਹੁੰਦੀ ਹੈ। ਇਹ ਭਾਵ ਉਸ ਪਰਿਪੱਕ ਅਵਸਥਾ ਨੂੰ ਦਰਸਾਉਂਦਾ ਹੈ, ਜਿਸ ਵਿੱਚ ਮਨੁੱਖ ਆਨੰਦਮਈ ਅਤੇ ਪ੍ਰਮਾਣਿਕ ਜੀਵਨ ਜਿਉਂਦਿਆਂ ਬਿਨਾਂ ਕਿਸੇ ਉਦਮ ਦੇ ਹੋਂਦ ਦੀ ਅਸਲੀਅਤ ਨਾਲ ਇਕਸੁਰ ਹੋ ਜਾਂਦਾ ਹੈ। (੧)(ਠਹਿਰਾਉ)

ਜੈਸੀ ਪਰ ਪੁਰਖਾ ਰਤ ਨਾਰੀ ॥
ਜਿਵੇਂ ਇਕ ਮਨੁੱਖ ਪਰਾਈ ਇਸਤਰੀ ਦੇ ਮੋਹ ਵਿਚ ਬਹੁਤ ਡੂੰਘਾ ਫਸ ਜਾਂਦਾ ਹੈ। ਇਹ ਭਾਵ ਬੇਕਾਬੂ ਇੱਛਾ ਦੇ ਉਸ ਸੁਭਾਵ ਨੂੰ ਦਰਸਾਉਂਦਾ ਹੈ, ਜੋ ਮਨੁੱਖ ਦੇ ਬਿਬੇਕ ਨੂੰ ਵੀ ਆਪਣੇ ਅਧੀਨ ਕਰ ਸਕਦਾ ਹੈ।

ਲੋਭੀ ਨਰੁ ਧਨ ਕਾ ਹਿਤਕਾਰੀ ॥
ਜਿਵੇਂ ਇਕ ਲਾਲਚੀ ਮਨੁੱਖ ਧਨ-ਦੌਲਤ ਦੇ ਮੋਹ ਵਿਚ ਮਗਨ ਰਹਿੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਭੌਤਿਕ ਪਦਾਰਥਾਂ ਅਤੇ ਰਿਸ਼ਤਿਆਂ ਉੱਤੇ ਕੇਂਦਰਿਤ ਹੋਣਾ, ਅੰਤ ਅੰਤਰੀਵੀ ਖਾਲੀਪਣ ਦਾ ਅਹਿਸਾਸ ਦਿੰਦਾ ਹੈ।

ਕਾਮੀ ਪੁਰਖ ਕਾਮਨੀ ਪਿਆਰੀ ॥
ਜਿਵੇਂ ਕਾਮੀ ਮਨੁੱਖ ਲਈ ਬੇਕਾਬੂ ਕਾਮਨਾ ਹੀ ਉਸ ਦਾ ਪ੍ਰੇਮ ਹੁੰਦੀ ਹੈ। ਇਹ ਭਾਵ ਇੱਛਾ ਦੇ ਉਸ ਪ੍ਰਬਲ ਆਕਰਸ਼ਣ ਨੂੰ ਦਰਸਾਉਂਦਾ ਹੈ, ਜੋ ਇੰਦ੍ਰੀਆਂ ਦੀ ਤੀਬਰ ਖਿੱਚ ਦੁਆਰਾ ਸੰਚਾਲਿਤ ਹੁੰਦਾ ਹੈ।

ਐਸੀ ਨਾਮੇ ਪ੍ਰੀਤਿ ਮੁਰਾਰੀ ॥੨॥

ਇਸੇ ਤਰ੍ਹਾਂ ਨਾਮਦੇਵ ਦੀ ਪ੍ਰੀਤ ਉਸ ਸਰਬ-ਵਿਆਪਕ ਚੇਤਨਾ ਨਾਲ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸੱਚ ਦੀ ਪ੍ਰਾਪਤੀ ਦੀ ਤੀਬਰ ਤਾਂਘ ਅਤੇ ਏਕਤਾ ਦੀ ਲਾਲਸਾ ਹੀ ਇੱਛਾ ਦੇ ਇੱਕੋ-ਇੱਕ ਗੁਣਮਈ ਰੂਪ ਹਨ। (੨)

ਸਾਈ ਪ੍ਰੀਤਿ ਜਿ ਆਪੇ ਲਾਏ ॥

ਆਪਣੀ ਅੰਤਰ-ਆਤਮਾ ਵਿਚੋਂ ਉਪਜਿਆ ਸਰਬ-ਵਿਆਪਕ ਚੇਤਨਾ ਪ੍ਰਤੀ ਪ੍ਰੇਮ। ਇਹ ਭਾਵ ਦਰਸਾਉਂਦਾ ਹੈ ਕਿ ਅੰਤਰੀਵੀ ਤਿਆਰੀ ਅਜਿਹੀ ਅਵਸਥਾ ਨੂੰ ਜਨਮ ਦਿੰਦੀ ਹੈ, ਜਿਸ ਵਿਚ ਭਗਤੀ ਕਿਸੇ ਬਾਹਰੀ ਦਬਾਅ ਜਾਂ ਫ਼ਰਜ਼ ਤੋਂ ਬਿਨਾਂ ਸੁਭਾਵਕ ਤੌਰ 'ਤੇ ਪ੍ਰਗਟ ਹੁੰਦੀ ਹੈ।

ਗੁਰ ਪਰਸਾਦੀ ਦੁਬਿਧਾ ਜਾਏ ॥

ਆਤਮਿਕ ਸੂਝ ਦੀ ਕਿਰਪਾ ਨਾਲ ਦਵੈਤ ਅਤੇ ਦੁਬਿਧਾ ਦੂਰ ਹੋ ਜਾਂਦੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਮਨ ਦੀ ਦੁਬਿਧਾ ਜਾਗਰੂਕਤਾ ਦੇ ਰਾਹ ਵਿਚ ਰੁਕਾਵਟ ਬਣਦੀ ਹੈ, ਜਦਕਿ ਬਿਬੇਕ ਇਸ ਵੰਡ ਨੂੰ ਦੂਰ ਕਰ ਦਿੰਦਾ ਹੈ।

ਕਬਹੁ ਨ ਤੂਟਸਿ ਰਹਿਆ ਸਮਾਇ ॥

ਇਹ ਅਡੋਲ ਰਹਿੰਦਾ ਹੋਇਆ ਸਦਾ ਉਸ ਵਿਚ ਲੀਨ ਰਹਿੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਏਕਤਾ ਨਾਲ ਦ੍ਰਿੜ੍ਹ ਇਕਸੁਰਤਾ ਅਮੂਰਤ ਵਿਚਾਰ ਤੋਂ ਅੱਗੇ ਵਧ ਕੇ ਏਕਮਤਾ ਦੀ ਸਥਾਈ ਅਸਲੀਅਤ ਬਣ ਜਾਂਦਾ ਹੈ।

ਨਾਮੇ ਚਿਤੁ ਲਾਇਆ ਸਚਿ ਨਾਇ ॥੩॥

ਨਾਮਦੇਵ ਨੇ ਆਪਣੀ ਅੰਤਰ-ਆਤਮਾ ਨੂੰ ਸੱਚ ਦੇ ਚਿੰਤਨ ਲਈ ਸਮਰਪਿਤ ਕਰ ਦਿੱਤਾ ਹੈ। ਇਹ ਸਮਰਪਣ ਪ੍ਰਮਾਣਿਕਤਾ ਪ੍ਰਤੀ ਅਜਿਹੀ ਨਿਸ਼ਠਾ ਨੂੰ ਦਰਸਾਉਂਦਾ ਹੈ, ਜੋ ਕੇਵਲ ਕਿਸੇ ਧਾਰਨਾ ਦੀ ਪਾਲਣਾ ਜਾਂ ਉਸ ਪ੍ਰਤੀ ਸ਼ਰਧਾ ਰੱਖਣ ਦੀ ਬਜਾਇ ਅਸਲੀਅਤ ਉਪਰ ਅਧਾਰਿਤ ਹੁੰਦੀ ਹੈ। (੩)

ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥

ਜਿਵੇਂ ਬੱਚੇ ਅਤੇ ਮਾਂ ਵਿਚਕਾਰ ਪ੍ਰੇਮ ਹੁੰਦਾ ਹੈ। ਇਹ ਭਾਵ ਉਸ ਸੁਭਾਵਕ ਭਰੋਸੇ ਅਤੇ ਰਿਸ਼ਤੇ ਨੂੰ ਦਰਸਾਉਂਦਾ ਹੈ, ਜਿਸ ਵਿਚ ਅੰਤਹਕਰਣ ਬਿਨ੍ਹਾਂ ਤਰਕ ਜਾਂ ਪ੍ਰਗਟਾਵੇ ਦੇ ਸੁਰੱਖਿਅਤ ਮਹਿਸੂਸ ਕਰਦਾ ਹੈ।

ਐਸਾ ਹਰਿ ਸੇਤੀ ਮਨੁ ਰਾਤਾ ॥

ਇਸੇ ਤਰ੍ਹਾਂ ਮਨ ਸਰਬ-ਵਿਆਪਕ ਤੱਤਸਾਰ ਨਾਲ ਸਰਸ਼ਾਰ ਹੋ ਜਾਂਦਾ ਹੈ। ਇਹ ਭਾਵ ਏਕਮਤਾ ਵਿਚ ਸੰਪੂਰਨ ਲੀਨਤਾ ਨੂੰ ਦਰਸਾਉਂਦਾ ਹੈ, ਜੋ ਅੰਤ ਵਿਚ ਜੀਵ ਦੀ ਸੁਭਾਵਿਕ ਅਵਸਥਾ ਬਣ ਜਾਂਦੀ ਹੈ।

ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ ॥

ਨਾਮਦੇਵ ਨਿਮਰਤਾ ਨਾਲ ਕਹਿੰਦੇ ਹਨ ਕਿ ਉਨ੍ਹਾਂ ਨੂੰ ਪਿਆਰ ਪ੍ਰਾਪਤੀ ਹੋ ਗਈ ਹੈ। ਇਹ ਐਲਾਨ ਸਾਧਕ ਦੁਆਰਾ ਏਕਮ ਸਤਾ ਦੀ ਪ੍ਰਾਪਤੀ ਹੋਣ ‘ਤੇ ਕੀਤੇ ਜਾਂਦੇ ਐਲਾਨ ਨੂੰ ਦਰਸਾਉਂਦਾ ਹੈ।

ਗੋਬਿਦੁ ਬਸੈ ਹਮਾਰੈ ਚੀਤਿ ॥੪॥੧॥੭॥

ਸਰਬ-ਵਿਆਪਕ ਚੇਤਨਾ ਦਾ ਵਾਸ ਮੇਰੇ ਨਿੱਜ ਘਰ ਵਿਚ ਹੈ। ਇਹ ਭਾਵ ਮਨ ਬਚ ਕਰਮ ਵਿਚਲੀ ਇਕਸਾਰਤਾ ਨੂੰ ਦਰਸਾਉਂਦਾ ਹੈ। (੪)(੧)(੭)

ਤੱਤ: ਭਗਤ ਨਾਮਦੇਵ ਸਹਿਜਮਈ ਉਸ ਉਚ ਅਵਸਥਾ ਨੂੰ ਉਜਾਗਰ ਕਰਦੇ ਹਨ, ਜੋ ਉਦਮ ਰਹਿਤ ਜੀਵਨ ਸ਼ੈਲੀ ਦੀ ਪ੍ਰਤੀਕ ਹੈ ਜਿਸ ਵਿਚ ਜੀਵਨ ਹਉਮੈਂ ਦੀ ਬਜਾਇ ਅੰਤਰੀਵੀ ਸੱਚ ਰਾਹੀਂ ਸੁਭਾਵਕ ਤੌਰ 'ਤੇ ਪ੍ਰਵਾਹਿਤ ਹੁੰਦਾ ਹੈ। ਇਸ ਵਿਲੱਖਣ ਅਵਸਥਾ ਵਿਚ ਪ੍ਰਮਾਣਿਕਤਾ ਬਿਨਾਂ ਕਿਸੇ ਦਿਖਾਵੇ ਦੇ ਆਪਣੇ-ਆਪ ਹੀ ਪ੍ਰਗਟ ਹੁੰਦੀ ਹੈ, ਭਲਾਈ ਨਿਸ਼ਕਾਮ ਭਾਵਨਾ ਨਾਲ ਸੁਭਾਵਕ ਰੂਪ ਵਿਚ ਵਿਗਸਦੀ ਹੈ ਅਤੇ ਸ਼ਾਂਤੀ ਦਾ ਉਭਾਰ ਬਿਨਾਂ ਕਿਸੇ ਸੰਘਰਸ਼ ਹੁੰਦਾ ਹੈ। ਜਦੋਂ ਮਨ ਬਚ ਅਤੇ ਕਰਮ ਅੰਤਰੀਵੀ ਟਕਰਾਅ ਰਹਿਤ ਮਨ ਨਾਲ ਇਕਸੁਰ ਹੋ ਜਾਂਦੇ ਹਨ, ਚਲ ਰਹੇ ਸਾਹਾਂ ਦੀ ਤਰ੍ਹਾਂ, ਅਸੀਂ ਬਿਨ੍ਹਾਂ ਕਿਸੇ ਉਦਮ ਏਕਮਤਾ ਦੀ ਭਾਵਨਾ ਨੂੰ ਕਲਾਵੇ ਵਿਚ ਲੈ ਲੈਂਦੇ ਹਾਂ। ਇਸ ਅਵਸਥਾ ਵਿਚ ਸਾਡਾ ਆਪਣੇ ਆਪ ਅਤੇ ਦੂਸਰਿਆਂ ਨਾਲ ਬੰਧਨ ਵਧੇਰੇ ਗੂੜ੍ਹਾ ਹੋ ਜਾਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: OnenessInDiversity.com

ਈਮੇਲ: **onenessindiversityfoundation@gmail.com**